1

# ਅਬਰਾਹਾਮ ਨਾਲ ਖ਼ੁਦਾ ਦਾ ਨੇਮ

ਹਿਯੂਗੋ ਮੇਕੋਰਡ

''ਨੇਮ'' ਸ਼ਬਦ (ਉਤਪਤ 15:8) ਮੂਲ ਸ਼ਬਦ barah ਤੋਂ ਲਿਆ ਗਿਆ ਹੈ ਜਿਸਦਾ ਅਰਥ ਹੈ ''ਕੱਟਣਾ।'' ਨੇਮ ਜਾਂ ਅਹਿਦ ਇਕ ਇਕਰਾਰਨਾਮਾ ਜਾਂ ਪੱਕਾ ਸਮਝੌਤਾ ਹੁੰਦਾ ਹੈ। ਇਬਰਾਨੀ ਮੁਹਾਵਰੇ karath berith (ਕਰਥ ਬੇਰਿਥ) ਦਾ ਸ਼ਬਦੀ ਅਰਥ ਹੈ, ''ਇਕ ਨੇਮ ਕੱਟਣਾ।''

## ਅੰਸ ਦੇਣ ਦਾ ਵਾਅਦਾ

ਕਈ ਸਾਲ ਤਕ ਖ਼ੁਦਾ ਨੇ ਅਬਰਾਹਾਮ ਨੂੰ ਅੰਸ ਦੇਣ ਦਾ ਵਾਅਦਾ ਕੀਤਾ ਸੀ (ਉਤਪਤ 12:7; 13:15)। ਕਈ ਸਾਲਾਂ ਦੇ ਬਾਅਦ ਅਜੇ ਵੀ ਬੇਔਲਾਦ ਅਬਰਾਹਾਮ ਨੇ ਕਿਹਾ ਕਿ ਉਸਦਾ ''ਸੇਵਕ ਹੀ'' ਕਾਨੂੰਨੀ ਤੌਰ ਤੇ ਉਸਦੀ ਜਾਇਦਾਦ ਦਾ ਵਾਰਿਸ ਹੋਵੇਗਾ। ਪਰ ਖ਼ੁਦਾ ਨੇ ਦੱਸਿਆ ਕਿ ਅਬਰਾਹਾਮ ਦਾ ਅੰਸ (ਉਤਪਤ 15:4) ਉਸ ਦੇ ਆਪਣੇ ਸਰੀਰ ਵਿੱਚੋਂ ਨਿੱਕਲੇਗਾ। ਆਖ਼ਰ ਉਸਦੀ ਸੰਤਾਨ ਤਾਰਿਆਂ ਵਾਂਗੂੰ ਅਣਗਣਿਤ ਹੋਣੀ ਸੀ। ਲੱਖਾਂ ਇਬਰਾਨੀਆਂ, ਅਰਥਾਤ ਅਬਰਾਹਾਮ ਅਤੇ ਆਪਣੇ ਪੁੱਤਰ ਇਸਹਾਕ ਦੀ ਸੰਤਾਨ ਦੇ ਧਰਤੀ ਉੱਤੇ ਰਹਿਣ ਦੀ ਗੱਲ ਖ਼ੁਦਾ ਵੱਲੋਂ ਵਾਅਦਾ ਨਿਭਾਉਣ ਦਾ ਸਭ ਤੋਂ ਵੱਡਾ ਨਤੀਜਾ ਹੈ। ਸਭ ਤੋਂ ਵੱਡੀ ''ਅੰਸ'' ਮਸੀਹ ਸੀ (ਗਲਾਤੀਆਂ 3:16) ਜਿਸ ਦੇ ਰਾਹੀਂ ਇਬਰਾਨੀ ਹੀ ਨਹੀਂ, ਗੈਰਕੌਮਾਂ ਨੇ (ਪ੍ਰਕਾਸ਼ ਦੀ ਪੋਥੀ 7:4, 9) ਲੱਖਾਂ ਕਰੋੜਾਂ ਦੀ ਗਿਣਤੀ ਵਿਚ ਅਬਰਾਹਾਮ ਦੀ ਸੰਤਾਨ ਬਣ ਚੁੱਕੇ ਹਨ (ਉਤਪਤ 3:9)।

## ਦੇਸ਼ ਦੇਣ ਦਾ ਵਾਅਦਾ

ਖ਼ੁਦਾ ਦਾ ਨੇਮ ਜੋ ਉਸਨੇ ਅਬਰਾਹਾਮ ਨਾਲ ''ਕੱਟਿਆ'' ਸੀ, ਅਣਗਿਣਤ ਵਾਰਿਸ ਹੀ ਸ਼ਾਮਿਲ ਨਹੀਂ ਹੋਣਾ, ਬਲਕਿ ਉਸ ਵਿਚ ਮਿਸਰ ਤੋ ਅੱਸ਼ੂਰ ਤਕ ਰਹਿਣ ਲਈ ਜ਼ਮੀਨ ਵੀ ਦਿੱਤੀ ਗਈ ਸੀ। ਲੱਗ ਹੋਵੇਗਾ ਕਿ ਵਾਅਦਾ ਬਹੁਤ ਦੇਰ ਬਾਅਦ ਪੂਰਾ ਹੋਵੇਗਾ (ਵੇਖੋ ਉਤਪਤ 15:13), ਪਰ ਖ਼ੁਦਾ ਨੇ ਆਪਣੇ ਆਪ ਨੂੰ ਇਸ ਨਾਲ ਬੰਨ੍ਹ ਲਿਆ ਸੀ। ਚਾਰ ਸੌ ਤੀਹ ਸਾਲਾਂ ਬਾਅਦ (ਉਤਪਤ 12:40) ਅਬਰਾਹਾਮ ਦੀ ਸੰਤਾਨ ਵਾਅਦਾ ਕੀਤੇ ਦੇਸ਼ ਵੱਲ ਚੱਲ ਪਏ। ਅਖ਼ੀਰ, ''ਸੋ ਯਹੋਵਾਹ ਨੇ ਇਸਰਾਏਲ ਨੂੰ ਉਹ ਸਾਰਾ ਦੇਸ਼ ਦਿੱਤਾ ਜਿਹ ਦੇ ਦੇਣ ਦੀ ਸੌਂਹ ਉਨ੍ਹਾਂ ਦੇ ਪਿਉ ਦਾਦਿਆਂ ਨਾਲ ਖਾਧੀ ਸੀ ਅਤੇ ਉਨ੍ਹਾਂ ਨੇ ਉਸ ਉੱਤੇ ਕਬਜ਼ਾ ਕੀਤਾ ਅਤੇ ਉਸ ਵਿੱਚ ਵਾਸ ਕੀਤਾ'' (ਯਹੋਸ਼ੁਆ 21:43; ਵੇਖੋ 23:14; ਨਿਆਈਆਂ 2:1; 1 ਰਾਜਿਆਂ 4:21)। ਦੁੱਖ ਦੀ ਗੱਲ ਹੈ ਕਿ ਅੱਜ ਕੁਝ ਲੋਕ ਦਾਅਵੇ ਕਰਦੇ ਹਨ ਖ਼ੁਦਾ ਨੇ ਆਪਣਾ ਵਾਅਦਾ ਨਹੀਂ ਨਿਭਾਇਆ। ਪ੍ਰੀਮਿਲੇਨਿਅਲਿਸਟ (ਹਜ਼ਾਰ ਵਰ੍ਹੇ ਦੇ ਰਾਜ ਦੀ ਸਿੱਖਿਆ ਦੇਣ ਵਾਲੇ) ਲੋਕ ਖ਼ੁਦਾ ਨੂੰ ਉਲਝਾਉਂਦੇ ਹਨ।

# ਸਭ ਤੋਂ ਅਹਿਮ ਵਾਅਦਾ

ਉਤਪਤ15 ਪੂਰਾ ਹੀ ਅਧਿਆਇ ਅਹਿਮ ਹੈ ਪਰ ਉਸ ਵਿਚ ਇਕ ਆਇਤ ਖਾਸ ਤੌਰ ਤੇ ਅਹਿਮ ਹੈ। ਆਇਤ 6 ਦੀ ਵਰਤੋਂ ਰੋਮੀਆਂ 4:3; ਗਲਾਤੀਆਂ 3:6 ਅਤੇ ਯਾਕੂਬ 2:23 ਸਾਨੂੰ ਇਹ ਸਮਝਾਉਣ ਲਈ ਹੋਈ ਹੈ ਕਿ ਅਸੀਂ ਕਿਵੇਂ ਬਚਾਏ ਜਾਂਦੇ ਹਾਂ।

ਇਹ ਦਾਅਵਾ ਕਰਕੇ ਕਿ ਅਬਰਾਹਾਮ ਨੇ ਖ਼ੁਦਾ ਤੇ ''ਵਿਸ਼ਵਾਸ਼ ਕੀਤਾ,'' ਮੂਸਾ ਆਪਣੀਆਂ ਹੀ ਨਹੀਂ ਮਾਰ ਰਿਹਾ ਸੀ ਕਿ ਖ਼ੁਦਾ ਹੈ। ਅਬਰਾਹਾਮ ਨੇ ਖ਼ੁਦਾ ਵੱਲੋਂ ਨੇਮ ਦਿੱਤੇ ਜਾਣ ਤੋਂ ਕਿਤੇ ਪਹਿਲਾਂ ਵਿਸ਼ਵਾਸ ਕੀਤਾ। (ਹੋ ਸਕਦਾ ਹੈ ਕਿ ਉਸਨੇ ਆਪਣੇ ਪਿਤਾ ਦੀ ਬੁੱਤਪ੍ਰਸਤੀ ਵਿਚ ਉਹਦਾ ਸਾਥ ਨਾ ਦਿੱਤਾ ਹੋਵੇ।) ਨਾਲੇ ਉਸਨੇ ਖ਼ੁਦਾ ਦੇ ਵਾਅਦੇ ਵਿਚ ਯਕੀਨ ਕੀਤਾ ਕਿ ਉਸਦੇ ਆਪਣੇ ਹੀ ਖ਼ੂਨ 'ਚੋਂ ਉਸਦਾ ਇਕ ਵਾਰਿਸ ਪੈਦਾ ਕਰੇਗਾ। ਉਸਦੇ ਇਸੇ ਵਿਸ਼ਵਾਸ ਕਰਕੇ ਉਸਨੂੰ ਧਰਮੀ ਆਖਿਆ ਗਿਆ।

ਅਬਰਾਹਾਮ ਦਾ ਵਿਸ਼ਵਾਸ਼ ਮੂਸਾ ਦੀ ਸ਼ਰ੍ਹਾ ਤੋਂ ਬਿਲਕੁਲ ਫ਼ਰਕ ਸੀ (ਰੋਮੀਆਂ 3:28; 4:2-5; ਗਲਾਤੀਆਂ 2:16; 3:5)। ਸੀਨੈ ਪਹਾੜ ਤੋਂ ਸ਼ਰ੍ਹਾ ਦੇ ਕੰਮ ਕੀਤੇ ਜਾਣ ਤੋਂ ਬਹੁਤ ਪਹਿਲਾਂ ਅਬਰਾਹਾਮ ਨੂੰ ਈਨਾਮ ਮਿਲ ਚੁੱਕਾ ਸੀ। ਅੱਜ, ਮਸੀਹ ਬਾਰੇ ਖ਼ੁਦਾ ਦੇ ਵਚਨ ਵਿਚ ਮਨੁੱਖ ਦਾ ਵਿਸ਼ਵਾਸ (ਰੋਮੀਆਂ 4:23-25) ਉਸਨੂੰ ਧਰਮੀ ਠਹਿਰਾਉਂਦਾ ਹੈ ਅਤੇ ਅਬਰਾਹਾਮ ਦੇ ਵਿਸ਼ਵਾਸ ਵਾਂਗ ਹੀ ਇਸਦਾ ਮੂਸਾ ਦੀ ਸ਼ਰ੍ਹਾ ਦੇ ਕੰਮਾਂ ਦੇ ਨਾਲ ਕੋਈ ਵਾਸਤਾ ਨਹੀਂ ਹੈ। ਜੇ ਕੋਈ ਇਨ੍ਹਾਂ ਦੋਹਾਂ ਨੂੰ ਆਪਸ ਵਿਚ ਜੋੜਨ ਦੀ ਕੋਸ਼ਿਸ਼ ਕਰਦਾ ਹੈ ਤਾਂ ਉਹ ਮਸੀਹ ਨੂੰ ਬੇਅਸਰ ਬਣਾਉਂਦਾ ਹੈ (ਗਲਾਤੀਆਂ 5:4)।

ਅਬਰਾਹਾਮ ਦਾ ਵਿਸ਼ਵਾਸ ਨਿਰ੍ਹਾ ਵਿਸ਼ਵਾਸ ਨਹੀਂ ਸੀ। ਉਸਦੇ ਵਿਸ਼ਵਾਸ ਦੇ ''ਕਦਮ'' (ਰੋਮੀਆਂ 4:12) ਬਹੁਤ ਸਾਰੇ ਸਨ; ਕਿਉਂਕਿ ਕਈ ਦੇਸ਼ਾਂ ਤੋਂ ਹੁੰਦਾ ਹੋਇਆ ਸੈਂਕੜੇ ਮੀਲ ਚੱਲਿਆ ਸੀ। ਫਿਰ, ਜਿਸ ਵਿਸ਼ਵਾਸ ਬਾਰੇ ਵਿਚ ਅਸੀਂ ਉਤਪਤ 15:6 ਵਿਚ ਪੜ੍ਹਦੇ ਹਾਂ ਉਹ ਅਸਲ 'ਚ ਅਬਰਾਹਾਮ ਵੱਲੋਂ ਆਪਣੇ ਪੁੱਤਰ ਨੂੰ ਕੁਰਬਾਨ ਕਰਨ ਲਈ ਚਾਕੂ ਕੱਢਣ ਤਕ ਪੂਰਾ ਨਹੀਂ ਹੋਇਆ ਸੀ (ਯਾਕੂਬ 2:23)।

ਰੋਮੀਆਂ ਅਤੇ ਗਲਾਤੀਆਂ ਦੀਆਂ ਕਿਤਾਬਾਂ ਵਿਚ ਦੱਸੇ ਵਿਸ਼ਵਾਸ ਵਿਚ ਬੇਸ਼ਕ ਸ਼ਰ੍ਹਾ ਦੇ ਕੰਮਾਂ ਨੂੰ ਬਾਹਰ ਰੱਖਿਆ ਗਿਆ ਹੈ, ਪਰ ਉਹ ਕਿਸੇ ਵੀ ਤਰ੍ਹਾਂ ਵਿਸ਼ਵਾਸ ਦੀ ਆਗਿਆਕਾਰਤਾ ਤੋਂ ਬਾਹਰ ਨਹੀਂ ਹੈ (ਰੋਮੀਆਂ 1:5; 16:26)। ਵਿਸ਼ਵਾਸ ਨਾਲ ਹੁਕਮ ਮੰਨਣ ਦਾ ਜ਼ਿਕਰ ਵਿਸ਼ਵਾਸ ਦੇ ਬਾਹਰ ਜਿਕਰ ਨਹੀਂ ਕੀਤਾ ਜਾਂਦਾ ਹੈ। ਉਦਾਹਰਣ ਲਈ ਰੋਮੀਆਂ 5:1 ਵਾਲਾ ਵਿਸ਼ਵਾਸ (1) ਦਿਲੋਂ ਵਿਸ਼ਵਾਸ ਕਰਨਾ ਕਿ ਖ਼ੁਦਾ ਹੈ ਜਾਂ ਮਸੀਹ ਉਸ ਦਾ ਪੁੱਤਰ ਹੈ, (2) ਤੌਬਾ ਕਰਨਾ, (3) ਇਕਰਾਰ ਕਰਨਾ ਜਾਂ (4) ਬਪਤਿਸਮਾ ਲੈਣਾ (ਵੇਖੋ ਰੋਮੀਆਂ 6:3, 4) ਦਾ ਜ਼ਿਕਰ ਨਹੀਂ ਕਰਦਾ ਹੈ। ਫਿਰ ਵੀ ਉਸ ਵਿਆਪਕ ''ਵਿਸ਼ਵਾਸ'' ਵਿਚ ਜੋ ਧਰਮੀ ਠਹਿਉਂਦਾ ਹੈ, ਚਾਰ ਗੱਲਾਂ ਹਨ। ਗਲਾਤੀਆਂ 3:26 ਵਾਲਾ ਵਿਸ਼ਵਾਸ ਜੋ ਸਾਨੂੰ ਖ਼ੁਦਾ ਦੀ ਸੰਤਾਨ ਬਣਉਂਦਾ ਹੈ, ਖ਼ਾਸ ਤੌਰ ਤੇ ਤੌਬਾ ਕਰਨ ਜਾਂ ਬਪਤਿਸਮੇ ਦਾ ਜ਼ਿਕਰ ਨਹੀਂ ਕਰਦਾ ਹੈ ਪਰ ਅਗਲੀ ਆਇਤ ਵਿਚ ਸਾਫ਼ ਹੋ ਜਾਂਦਾ ਹੈ ਕਿ ਵਿਸ਼ਵਾਸ ਵਿਚ ਬਪਤਿਸਮਾ ਵੀ ਸ਼ਾਮਿਲ ਹੈ।

ਮਸੀਹ ਨੂੰ ਪਹਿਨਣ ਤੋਂ ਬਗੈਰ ਖ਼ੁਦਾ ਦੀ ਸੰਤਾਨ ਨਹੀਂਬਣਿਆ ਜਾ ਸਕਦਾ। ਕਿਉਂਕਿ ਬਪਤਿਸਮਾ ਲਏ ਬਗੈਰ ਮਸੀਹ ਨੂੰ ਨਹੀਂ ਪਹਿਨਿਆ ਜਾ ਸਕਦਾ, ਇਸ ਕਰਕੇ ਵਿਸ਼ਵਾਸ ਵਿਚ ਖ਼ੁਦਾ ਦੀ ਸੰਤਾਨ ਬਣਨ ਲਈ ਬਪਤਿਸਮਾ ਜ਼ਰੂਰੀ ਹੈ। ਵਿਸ਼ਵਾਸ (ਉਸ ਸਭ ਸਣੇ ਜੋ ਇਸ ਵਿਚ ਹੈ) ਆਪਣੇ ਆਪ ਵਿਚ ਇਕ ਕੰਮ ਹੈ (ਯੂਹੰਨਾ 6:29), ਪਰ ਇਹ ਖ਼ੁਦਾ ਦਾ ਕੰਮ ਹੈ। ਮਨੁੱਖ ਦਾ ਆਪਣਾ ਕੋਈ ਕਰਮ (ਅਫ਼ਸੀਆਂ 2:8, 9) ਉਸਨੂੰ ਬਚਾ ਨਹੀਂ ਸਕਦਾ।